HCF

# ਓਵਰਸੀਜ਼ ਵਿਜ਼ੀਟਰਜ਼ ਹੈਲਥ ਕਵਰ ਬਰੌਸ਼ਰ

ਜੁਲਾਈ 2020



# ਸਾਡੇ ਨਾਲ ਆਸਟ੍ਰੇਲੀਆ ਦਾ ਆਨੰਦ ਮਾਣੋ

**ਭਾਵੇਂ ਤੁਸੀਂ ਕਿਤੋਂ ਵੀ ਆਏ ਹੋਵੋ ਅਤੇ ਭਾਵੇਂ ਤੁਹਾਡਾ ਕਿੰਨਾ ਵੀ ਸਮਾਂ ਰਹਿਣ ਦਾ ਵਿਚਾਰ ਹੋਵੇ, ਸਾਨੂੰ ਯਕੀਨ ਹੈ ਕਿ ਤੁਸੀਂ ਇੱਥੇ ਪਸੰਦ ਕਰੋਗੇ।**

ਅਸੀਂ ਜਾਣਦੇ ਹਾਂ ਕਿ ਜਦੋਂ ਤੁਸੀਂ ਕਿਸੇ ਨਵੇਂ ਮੁਲਕ ਜਾਂਦੇ ਹੋ ਤਾਂ ਸਿਹਤ ਸੰਭਾਲ ਬਾਰੇ ਜਾਣਨ ਲਈ ਬਹੁਤ ਕੁੱਝ ਹੁੰਦਾ ਹੈ। ਇਸ ਲਈ ਅਸੀਂ ਤੁਹਾਨੂੰ ਮਨ ਦੀ ਸ਼ਾਂਤੀ ਦੇ ਕੇ ਕਿ ਆਸਟ੍ਰੇਲੀਆ ਵਿੱਚ ਤੁਹਾਡੀ ਸਿਹਤ ਦਾ ਧਿਆਨ ਰੱਖਿਆ ਜਾਵੇਗਾ, ਇਸਨੂੰ ਤੁਹਾਡੇ ਲਈ ਸੌਖਾ ਬਣਾਉਣ ਦਾ ਯਤਨ ਕੀਤਾ ਹੈ। ਤੁਹਾਨੂੰ ਇੱਥੇ ਨਿੱਘੇ ਸੁਆਗਤ ਦਾ ਅਹਿਸਾਸ ਕਰਵਾਉਣਾ ਵੀ ਇਹ ਦਰਸਾਉਂਦਾ ਹੈ ਕਿ ਸਾਨੂੰ ਤੁਹਾਡੀ ਕਿੰਨੀ ਪਰਵਾਹ ਹੈ।



## ਡਾਕਟਰਾਂ ਦਾ ਰਾਸ਼ਟਰੀ ਨੈਟਵਰਕ

ਐਚ ਸੀ ਐਫ ਦੇ ਸਾਡੇ ਵਿਸ਼ਾਲ ਨੈਟਵਰਕ ਵਿੱਚ ਡਾਕਟਰ (ਜੀ ਪੀ) ਨੂੰ ਮਿਲੋ ਅਤੇ ਜੇਕਰ ਤੁਹਾਡੇ ਕਵਰ ਵਿੱਚ ਡਾਕਟਰ ਦੀ ਸੇਵਾ ਸ਼ਾਮਲ ਹੈ ਤਾਂ ਤੁਹਾਨੂੰ ਇਸ ਮੁਲਾਕਾਤ ਲਈ ਕਿਸੇ ਕੀਮਤ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ।



## 24/7 ਹੈਲਪਲਾਈਨ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਡਾਕਟਰ ਜਾਂ ਹਸਪਤਾਲ ਜਾਣ ਦੀ ਲੋੜ ਹੈ, ਜਾਂ ਆਪਣੀ ਸਿਹਤ ਬਾਰੇ ਕੋਈ ਸੁਆਲ ਪੁੱਛਣਾ ਚਾਹੁੰਦੇ ਹੋ ਤਾਂ ਸਾਡੀ 24/7 ਹੈਲਪਲਾਈਨ ਨੂੰ **13 68 42** ਤੇ ਫ਼ੋਨ ਕਰੋ। ਸਾਡੇ ਦੋਸਤਾਨਾ ਮਾਹਰ ਕਈ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ ਅਤੇ ਤੁਹਾਡੀ ਮਦਦ ਲਈ ਤਿਆਰ ਹਨ।




## ਖਿਤਾਬ ਜੇਤੂ - ਵੀਜ਼ੇ ਲਈ ਢੁਕਵਾਂ ਕਵਰ

ਸਾਨੂੰ ਆਊਟਸਟੈਂਡਿੰਗ ਵੈਲੀਯੂ ਵਰਕਿੰਗ ਵੀਜ਼ਾ ਹੈਲਥ ਕਵਰ ਲਈ ਆਸਟ੍ਰੇਲੀਆ ਦੀ ਸਭ ਤੋਂ ਵੱਡੀ ਵਿੱਤੀ ਤੁਲਨਾ ਕਰਨ ਵਾਲੀ ਸਾਈਟ, ਕੈਨਸਟਾਰ ਵੱਲੋਂ ਲਗਾਤਾਰ 2 ਸਾਲਾਂ ਤੋਂ ਮਾਨਤਾ ਹਾਸਿਲ ਹੈ। ਅਸੀਂ ਤੁਹਾਡੇ ਲਈ ਸਹੀ ਕਵਰ ਦੀ ਚੋਣ ਕਰਨਾ ਸੌਖਾ ਬਣਾਵਾਂਗੇ।



## ਅਸੀਂ ਤੁਹਾਡੀ ਮਦਦ ਕਰਾਂਗੇ ਕਿ ਤੁਹਾਨੂੰ ਘੱਟ ਤੋਂ ਘੱਟ ਭੁਗਤਾਨ ਕਰਨਾ ਪਵੇ

ਨਿੱਜੀ ਹਸਪਤਾਲਾਂ ਦਾ ਸਾਡਾ ਵਿਸ਼ਾਲ ਨੈਟਵਰਕ ਤੁਹਾਨੂੰ ਲਾਗਤ ਘੱਟ ਕਰਨ ਦੀ ਵਧੇਰੀ ਚੋਣ ਅਤੇ ਵਿਕਲਪ ਪ੍ਰਦਾਨ ਕਰਦਾ ਹੈ, ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਪਰਿਵਾਰਿਕ ਮੇਂਬਰ ਨੂੰ ਹਸਪਤਾਲ ਵਿੱਚ ਇਲਾਜ ਦੀ ਲੋੜ ਪੈਂਦੀ ਹੈ।



## ਆਸਟ੍ਰੇਲੀਆ ਦਾ ਤੀਸਰਾ ਸਭ ਤੋਂ ਵੱਡਾ ਸਿਹਤ ਬੀਮਾ ਪ੍ਰਦਾਤਾ

15 ਲੱਖ ਮੇਂਬਰ ਜਿਨ੍ਹਾਂ ਦਾ ਅਸੀਂ ਬੀਮਾ ਕੀਤਾ ਹੈ ਸਾਡੇ ਲਈ ਸਾਡੇ ਹਰ ਕੰਮ ਦਾ ਧੁਰਾ ਹਨ। ਸਾਡੇ ਕੋਲ ਤੁਹਾਡੇ ਆਸਟ੍ਰੇਲੀਆ ਵਿੱਚ ਤੁਹਾਡੀ ਸਿਹਤ ਦੀ ਸੰਭਾਲ ਲਈ ਮਦਦ ਕਰਨ ਲਈ ਤਜ਼ਰਬਾ ਅਤੇ ਸਮਝ ਹੈ।



## ਭਰੋਸੇ ਵਿੱਚ #1

ਸਾਨੂੰ 2018 ਰੋਏ ਮੋਰਗਨ ਨੇਟ ਟ੍ਰਸਟ ਸਰਵੇ ਵੱਲੋਂ ਆਸਟ੍ਰੇਲੀਆ ਦਾ ਸਭ ਤੋਂ ਭਰੋਸੇਮੰਦ ਹੈਲਥ ਫੰਡ ਐਲਾਨਿਆ ਗਿਆ ਸੀ।




## ਐਮਰਜੰਸੀ ਲਈ ਐਂਬੂਲੈਂਸ ਕਵਰ

ਸਾਰੇ ਕਵਰ ਆਸਟ੍ਰੇਲੀਆ ਭਰ ਵਿੱਚ ਨੇੜਲੇ ਹਸਪਤਾਲ ਤੱਕ ਐਮਰਜੰਸੀ ਐਂਬੂਲੈਂਸ ਟ੍ਰਾਂਸਪੋਰਟ ਪ੍ਰਦਾਨ ਕਰਦੇ ਹਨ।



# ਆਸਟ੍ਰੇਲੀਆ ਵਿੱਚ ਸਿਹਤ ਸੰਭਾਲ ਦੀ ਜਾਣਕਾਰੀ

ਆਸਟ੍ਰੇਲੀਆ ਵਿੱਚ ਇੱਕ ਸ਼ਾਨਦਾਰ ਮੈਡੀਕਲ ਸਿਸਟਮ ਹੈ ਅਤੇ ਐਚ ਸੀ ਐਫ ਇਸਦੇ ਇਸਤੇਮਾਲ ਦੇ ਤਰੀਕੇ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਦਾ ਹੈ। ਆਸਟ੍ਰੇਲੀਆ ਦੇ ਸਿਸਟਮ ਦੇ ਦੋ ਪੱਧਰ ਹਨ - ਸਰਕਾਰ ਵੱਲੋਂ ਫੰਡ ਕੀਤਾ ਜਾਂਦਾ ਮੈਡੀਕੇਅਰ ਅਤੇ ਨਿੱਜੀ ਹੈਲਥ ਸਿਸਟਮ ਜਿਸ ਵਿੱਚ ਤੁਸੀਂ ਬੀਮੇ ਲਈ ਖਰਚ ਕਰਦੇ ਹੋ। ਇਹ ਦੋਵੇ ਮਿਲਕੇ ਆਸਟ੍ਰੇਲੀਆ ਨਿਵਾਸੀਆਂ ਦੇ ਸਿਹਤ ਸਬੰਧੀ ਤਜ਼ਰਬਿਆਂ ਨੂੰ ਬਿਹਤਰ ਬਣਾਉਨ ਲਈ ਕੰਮ ਕਰਦੇ ਹਨ।






## ਮੈਡੀਕੇਅਰ ਕਿਵੇਂ ਕੰਮ ਕਰਦਾ ਹੈ?

ਮੈਡੀਕੇਅਰ ਸਾਡਾ ਜਨਤਕ ਸਿਹਤ ਸੰਭਾਲ ਪ੍ਰਬੰਧ ਹੈ ਅਤੇ ਇਹ ਸਾਰੇ ਆਸਟ੍ਰੇਲੀਆ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦਾ ਹੈ। ਇਸਦੇ ਵਿੱਚ ਆਸਟ੍ਰੇਲੀਆ ਨਿਵਾਸੀ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕਰਵਾ ਸਕਦੇ ਹਨ ਅਤੇ ਹਸਪਤਾਲ ਤੋਂ ਬਾਹਰ ਕੁੱਝ ਡਾਕਟਰੀ ਪਰਿਕਿਰਿਆਵਾਂ ਜਿਵੇਂ ਐਕਸ-ਰੇ ਅਤੇ ਖ਼ੂਨ ਦੀ ਜਾਂਚ ਦੇ ਖਰਚ ਨੂੰ ਘੱਟ ਕਰਦਾ ਹੈ। ਮੈਡੀਕੇਅਰ ਮੁਨਾਸਬ ਯਾਤਰੀਆਂ ਲਈ ਉਪਲਬਧ ਹੈ ਜੋ ਕਿ ਉਹਨਾਂ ਮੁਲਕਾਂ ਤੋਂ ਆਉਂਦੇ ਹਨ ਜਿਹਨਾਂ ਦਾ ਆਸਟ੍ਰੇਲੀਆ ਦੇ ਨਾਲ ਰੇਸੀਪ੍ਰੋਕਲ ਹੈਲਥ ਕੇਅਰ ਏਗ੍ਰੀਮੈਂਟ (ਆਰ ਐਚ ਸੀ ਏ - ਪਰਸਪਰ ਸਿਹਤ ਸੰਭਾਲ ਸਮਝੌਤਾ) ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਭਾਵੇਂ ਤੁਸੀਂ ਆਰ ਐਚ ਸੀ ਏ ਦਾ ਇਸਤੇਮਾਲ ਕਰਣ ਲਈ ਯੋਗ ਹੋਵੋ, ਪ੍ਰਾਈਵੇਟ ਹੈਲਥ ਬੀਮਾ ਤੁਹਾਡੇ ਮਨ ਦੀ ਸ਼ਾਂਤੀ ਲਈ ਉੱਤਮ ਹੈ ਕਿਉਂਕਿ ਮੈਡਕੇਅਰ ਸਿਰਫ ਡਾਕਟਰੀ ਤੌਰ ਤੇ ਲਾਜ਼ਮੀ ਸੇਵਾਵਾਂ ਹੀ ਪ੍ਰਦਾਨ ਕਰਦਾ ਹੈ। ਮੈਡੀਕੇਅਰ ਨਿੱਜੀ ਹਸਪਤਾਲਾਂ ਵਿੱਚ ਇਲਾਜ, ਐਮਰਜੰਸੀ ਐਂਬੂਲੈਂਸ ਜਾਂ ਦੰਦਾਂ ਦਾ ਪ੍ਰਾਈਵੇਟ ਇਲਾਜ ਅਤੇ ਫਿਜ਼ੀਓਥੈਰੇਪੀ ਜਿਹੀ ਸੇਵਾਵਾਂ ਕਵਰ ਨਹੀਂ ਕਰਦਾ ਹੈ। ਐਚ ਸੀ ਐਫ ਨਿਜੀ ਸਿਹਤ ਬੀਮਾ ਇੱਥੇ ਕੰਮ ਆਉਂਦਾ ਹੈ।

### ਪਰਸਪਰ ਸਿਹਤ ਸੰਭਾਲ ਸਮਝੌਤੇ

ਵਧੇਰੇ ਜਾਣਕਾਰੀ ਲਈ ਮਨੁੱਖੀ ਸੇਵਾਵਾਂ ਵਿਭਾਗ ਦੀ ਵੈਬਸਾਈਟ **humanservices.gov.au/medicare** ਤੇ 'RHCA' ਸਰਚ ਕਰੋ

## ਨਿੱਜੀ ਸਿਹਤ ਬੀਮਾ ਕਿਵੇਂ ਕੰਮ ਕਰਦਾ ਹੈ?

ਜੇਕਰ ਤੁਸੀਂ ਕਿਸੇ ਅਜਿਹੇ ਮੁਲਕ ਤੋਂ ਹੋ ਜਿਸਦਾ ਆਸਟ੍ਰੇਲੀਆ ਦੇ ਨਾਲ ਆਰ ਐਚ ਸੀ ਏ ਨਹੀਂ ਹੈ, ਤੁਹਾਨੂੰ ਨਿੱਜੀ ਸਿਹਤ ਬੀਮਾ ਲੈ ਲੈਣਾ ਚਾਹੀਦਾ ਹੈ ਕਿਉਂਕਿ ਜੇਕਰ ਆਸਟ੍ਰੇਲੀਆ ਵਿੱਚ ਤੁਹਾਨੂੰ ਡਾਕਟਰੀ ਜਾਂ ਹਸਪਤਾਲ ਵਿੱਚ ਇਲਾਜ ਦੀ ਲੋੜ ਪੈਂਦੀ ਹੈ, ਇਹ ਕਾਫੀ ਮਹਿੰਗਾ ਹੋ ਸਕਦਾ ਹੈ।

### ਕੀ ਕੁਝ ਕਵਰ ਹੈ?

ਨਿੱਜੀ ਸਿਹਤ ਸਿਸਟਮ ਐਚ ਸੀ ਐਫ ਜਿਹੇ ਨਿੱਜੀ ਬੀਮਾ ਪ੍ਰਦਾਤਾਵਾਂ, ਨਿੱਜੀ ਹਸਪਤਾਲ ਅਤੇ ਹੋਰ ਸੇਵਾਵਾਂ ਜਿਵੇਂ ਕਿ ਡੈਂਟਿਸਟ ਅਤੇ ਫਿਸੀਓਥੇਰਪਿਸਟ ਆਦਿ ਨਾਲ ਬਣਿਆ ਹੈ। ਐਚ ਸੀ ਐਫ ਓਵਰਸੀਜ਼ ਵਿਜ਼ਿਟਰ ਹੈਲਥ ਕਵਰ ਨੂੰ ਇਹਨਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ :

- ਐਮਰਜੰਸੀ ਐਂਬੂਲੈਂਸ ਟ੍ਰਾਂਸਪੋਰਟ
- ਹਸਪਤਾਲ ਵਿੱਚ ਇਲਾਜ
- ਡਾਕਟਰੀ ਇਲਾਜ
- ਫਿਜ਼ੀਓਥੈਰੇਪੀ ਅਤੇ ਦੰਦਾਂ ਦੇ ਇਲਾਜ ਜਿਹੇ ਕਈ ਹੋਰ ਐਕਸਟਰਾ।

ਇਲਾਜ ਅਤੇ ਕਾਰਜਵਿਧਿਆਂ ਜਿਨ੍ਹਾਂ ਲਈ ਤੁਸੀਂ ਕਲੇਮ ਕਰ ਸਕਦੇ ਹੋ ਤੁਹਾਡੇ ਬੀਮੇ ਦੇ ਪੱਧਰ ਤੇ ਨਿਰਭਰ ਕਰਦਾ ਹੈ।

ਕਈ ਯਾਤਰੀਆਂ ਲਈ ਨਿਜੀ ਸਿਹਤ ਬੀਮਾ ਉਹਨਾਂ ਦੇ ਵੀਜ਼ੇ ਲਈ ਇੱਕ ਲਾਜ਼ਮੀ ਸ਼ਰਤ ਹੁੰਦੀ ਹੈ। ਇਸ ਲਈ ਵੀਜ਼ੇ ਲਈ ਦਰਖ਼ਾਸਤ ਦੇਣ ਤੋਂ ਪਹਿਲਾਂ ਇਸ ਬਾਰੇ ਜਾਣਕਾਰੀ ਹਾਸਲ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਆਪਣੇ ਲਈ ਸਹੀ ਕਵਰ ਦੀ ਚੋਣ ਕਰਦੇ ਹੋ । ਤੁਸੀਂ ਇਹ ਜਾਣਕਾਰੀ ਹੋਮ ਅਫੇਯਰ ਵਿਭਾਗ ਦੀ ਵੈਬਸਾਈਟ **homeaffairs.gov.au** ਤੋਂ ਲੈ ਸਕਦੇ ਹੋ।

# ਐਚ ਸੀ ਐਫ ਤੁਹਾਡੇ ਲਈ ਸਹੀ ਕਿਉਂ ਹੈ?

**ਐਚ ਸੀ ਐਫ ਓਵਰਸੀਜ਼ ਵਿਜ਼ੀਟਰਜ਼ ਹੈਲਥ ਕਵਰ (ਓ ਵੀ ਐਚ ਸੀ) ਇੱਕ ਨਿੱਜੀ ਸਿਹਤ ਬੀਮਾ ਹੈ ਅਤੇ ਉਹਨਾਂ ਲੋਕਾਂ ਲਈ ਹੈ ਜੋ ਕਿ ਵਰਕ ਜਾਂ ਵਿਜ਼ੀਟਰ ਵੀਜ਼ੇ 'ਤੇ ਆਸਟ੍ਰੇਲੀਆ ਵਿੱਚ ਇੱਕ ਮਿੱਥੇ ਸਮੇਂ ਲਈ ਰਹਿਣਗੇ।**

ਕਈ ਵੀਜ਼ਿਆਂ ਵਿੱਚ ਇਹ ਲਾਜ਼ਮੀ ਹੈ ਕਿ ਆਸਟ੍ਰੇਲੀਆ ਦੇ ਫੇਰੀ ਦੌਰਾਨ ਤੁਸੀਂ ਨਿੱਜੀ ਸਿਹਤ ਬੀਮਾ ਲਵੋ। ਪਰ ਜੇਕਰ ਇਹ ਲਾਜ਼ਮੀ ਨਾ ਵੀ ਹੋਵੇ, ਤੁਹਾਨੂੰ ਓਵਰਸੀਜ਼ ਵਿਜ਼ੀਟਰਜ਼ ਹੈਲਥ ਕਵਰ ਲੈਣਾ ਚਾਹੀਦਾ ਹੈ ਤਾਂ ਜੋ ਤੁਸੀਂ ਲੋੜ ਪੈਣ ਤੇ ਆਸਾਨੀ ਨਾਲ ਸਿਹਤ ਸੇਵਾਵਾਂ ਹਾਸਿਲ ਕਰ ਸਕੋ। ਇਹ ਇਸ ਲਈ ਕਿਉਂਕਿ ਡਾਕਟਰੀ ਇਲਾਜ ਲਈ ਆਪ ਖਰਚ ਕਰਨਾ ਬਹੁਤ ਮਹਿੰਗਾ ਹੋ ਸਕਦਾ ਹੈ।

ਤੁਹਾਡੇ ਚੁਣੇ ਕਵਰ ਦੇ ਪੱਧਰ ਅਨੁਸਾਰ ਐਚ ਸੀ ਐਫ ਬੀਮਾ ਹਸਪਤਾਲ ਵਿੱਚ ਤੁਹਾਡੇ ਇਲਾਜ ਦੇ ਨਾਲ-ਨਾਲ ਹੋਰ ਸੇਵਾਵਾਂ ਕਵਰ ਕਰ ਸਕਦਾ ਹੈ, ਜਿਵੇਂ ਕਿ

- ਡਾਕਟਰ ਨਾਲ ਮੁਲਾਕਾਤ
- ਖੂਨ ਦੀ ਜਾਂਚ ਅਤੇ ਏਕਸ-ਰੇ
- ਦੰਦਾਂ ਦਾ ਇਲਾਜ
- ਐਨਕਾਂ ਅਤੇ ਕਾਂਟੈਕਟ ਲੇਂਜ਼
- ਫਿਜ਼ੀਓਥੈਰੇਪੀ

ਐਚ ਸੀ ਐਫ (HCF) ਓ ਵੀ ਐਚ ਸੀ (OVHC) ਦੇ ਸਾਰੇ ਪੱਧਰਾਂ ਵਿੱਚ ਐਮਰਜੰਸੀ ਐਂਬੂਲੈਂਸ ਸੇਵਾਵਾਂ ਸ਼ਾਮਿਲ ਹਨ।



## ਐਚ ਸੀ ਐਫ ਨੈਟਵਰਕ ਕੀ ਹੈ?

ਐਚ ਸੀ ਐਫ ਨੈਟਵਰਕ ਭਾਗ ਲੈਣ ਵਾਲੇ ਹਸਪਤਾਲਾਂ, ਡਾਕਟਰਾਂ ਅਤੇ ਮਾਹਰਾਂ ਨਾਲ ਬਣਿਆ ਹੋਇਆ ਹੈ ਜੋ ਕਿ ਤੁਹਾਡੇ ਕਵਰ ਵਿੱਚ ਸ਼ਾਮਲ ਸੇਵਾਵਾਂ ਅਤੇ ਇਲਾਜ 'ਤੇ ਵਾਧੂ ਖਰਚ ਤੋਂ ਬਚਣ ਵਿੱਚ ਤੁਹਾਡੀ ਮਦਦ ਕਰਦੇ ਹਨ।

### ਐਚ ਸੀ ਐਫ ਹਸਪਤਾਲ ਨੈਟਵਰਕ

ਸਾਡੇ ਆਸਟ੍ਰੇਲੀਆ ਭਰ ਦੇ ਜ਼ਿਆਦਾਤਰ ਨਿੱਜੀ ਹਸਪਤਾਲਾਂ ਨਾਲ ਇਕਰਾਰ ਹਨ। ਤੁਸੀਂ ਇਲਾਜ ਜਾਂ ਸੇਵਾਵਾਂ ਲਈ ਸਾਡੇ ਨੈਟਵਰਕ ਵਿੱਚ ਸ਼ਾਮਿਲ ਕਿਸੇ ਨਿੱਜੀ ਹਸਪਤਾਲ ਜਾ ਕੇ ਖਰਚ ਨੂੰ ਘਟਾ ਸਕਦੇ ਹੋ (ਤੁਹਾਡੀ ਐਕਸੈਸ ਤੋਂ ਅਲਾਵਾ, ਜੇਕਰ ਤੁਹਾਡੇ 'ਤੇ ਲਾਗੂ ਹੈ)।

ਜੇਕਰ ਤੁਸੀਂ ਸਾਡੇ ਨੈਟਵਰਕ ਤੋਂ ਬਾਹਰ ਕਿਸੇ ਨਿੱਜੀ ਹਸਪਤਾਲ ਜਾਂ ਕਿਸੇ ਸਰਕਾਰੀ ਹਸਪਤਾਲ ਜਾਂਦੇ ਹੋ, ਤੁਹਾਡਾ ਕਾਫੀ ਵਾਧੂ ਖਰਚ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਸਾਡੀ 24/7 ਹੈਲਪਲਾਈਨ ਨੂੰ **13 68 42** ਤੇ ਕਾਲ ਕਰੋ (ਫੇਰ 2 ਦਬਾਓ) ਤੇ ਸਾਡੇ ਨੈੱਟਵਰਕ ਵਿਚਲੇ ਹਸਪਤਾਲਾਂ ਬਾਰੇ ਪਤਾ ਕਰੋ। ਇਹ ਵੀ ਜ਼ਰੂਰੀ ਹੈ ਕਿ ਤੁਸੀਂ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਹਸਪਤਾਲ ਨੂੰ ਸੰਭਵ ਲਾਗਤ ਬਾਰੇ ਪੁੱਛੋ ਤਾਂ ਜੋ ਤੁਸੀਂ ਸਮਝ ਸਕੋ ਕਿ ਤੁਹਾਨੂੰ ਕਿੰਨੀ ਰਕਮ ਦਾ ਭੁਗਤਾਨ ਕਰਨਾ ਪਵੇਗਾ।

### ਐਚ ਸੀ ਐਫ ਡਾਕਟਰ ਨੈਟਵਰਕ

ਸੰਭਵ ਹੈ ਕਿ ਆਸਟ੍ਰੇਲੀਆ ਵਿੱਚ ਤੁਸੀਂ ਇੱਕ ਆਮ ਡਾਕਟਰ (ਜਿਸਨੂੰ ਜਨਰਲ ਪ੍ਰੈਕਟਿਸ਼ਨਰ ਜਾਂ ਜੀ ਪੀ ਕਿਹਾ ਜਾਂਦਾ ਹੈ) ਕੋਲ ਸਭ ਤੋਂ ਪਹਿਲਾਂ ਆਪਣੀ ਸਿਹਤ ਸਬੰਧੀ ਸਮੱਸਿਆ ਲੈ ਕੇ ਜਾਓਗੇ। ਐਚ ਸੀ ਐਫ ਦਾ ਇੱਕ ਜੀ ਪੀ ਰਾਸ਼ਟਰੀ ਨੈਟਵਰਕ ਹੈ, ਆਪਣੇ ਨੇੜਲੇ ਜੀ ਪੀ ਦੀ ਭਾਲ ਕਰਨ ਲਈ ਸਾਡੀ 24/7 ਹੈਲਪਲਾਈਨ ਨੂੰ **13 68 42** ਤੇ ਕਾਲ ਕਰੋ (ਫੇਰ 2 ਦਬਾਓ)।

ਜੇਕਰ ਤੁਹਾਡੇ ਕਵਰ ਵਿੱਚ ਡਾਕਟਰ ਦੀਆਂ ਸੇਵਾਵਾਂ ਸ਼ਾਮਲ ਹਨ ਅਤੇ ਤੁਸੀਂ ਸਾਡੇ ਨੈਟਵਰਕ ਵਿੱਚ ਕਿਸੇ ਜੀ ਪੀ ਕੋਲ ਜਾਂਦੇ ਹੋ ਤਾਂ ਤੁਹਾਡਾ ਬੀਮਾ ਤੁਹਾਡੇ ਖਰਚ ਦਾ 100% ਤੱਕ ਦਾ ਭੁਗਤਾਨ ਕਰੇਗਾ। ਜੇਕਰ ਤੁਸੀਂ ਕਿਸੇ ਅਜਿਹੇ ਜੀ ਪੀ ਦੇ ਕੋਲ ਜਾਂਦੇ ਹੋ ਜੋ ਕਿ ਸਾਡੇ ਨੈਟਵਰਕ ਵਿੱਚ ਨਹੀਂ ਹੈ ਤਾਂ ਤੁਹਾਨੂੰ ਵਾਧੂ ਲਾਗਤ ਦੇਣੀ ਪੈ ਸਕਦੀ ਹੈ। ਤੁਹਾਡੇ ਕਵਰ ਦੇ ਪੱਧਰ ਮੁਤਾਬਕ ਮਾਹਿਰ ਅਤੇ ਨੈਟਵਰਕ ਤੋਂ ਬਾਹਰ ਦੇ ਡਾਕਟਰਾਂ ਕੋਲ ਜਾਣ 'ਤੇ ਅਸੀਂ ਮੈਡੀਕੇਅਰ ਬੈਨੀਫਿਟ ਸ਼ੈਡਿਊਲ (MBS) ਦੀ ਫੀਸ ਦਾ ਤੁਹਾਡੇ ਲਈ 100% ਤੱਕ ਕਵਰ ਕਰਾਂਗੇ।

## ਹਸਪਤਾਲ ਅਤੇ ਹਸਪਤਾਲ ਤੋਂ ਬਾਹਰ ਮੈਂ ਕਿਹੜੀਆਂ ਸੇਵਾਵਾਂ ਹਾਸਿਲ ਕਰ ਸਕਦਾ ਹਾਂ?

### ਇਨਪੇਸ਼ੈਂਟ ਸੇਵਾਵਾਂ

ਜੇਕਰ ਤੁਸੀਂ ਹਸਪਤਾਲ ਵਿੱਚ ਭਰਤੀ ਹੋਏ ਹੋ, ਭਾਵੇਂ ਡੇ ਜਾਂ ਓਵਰਨਾਈਟ ਪੇਸ਼ੈਂਟ ਦੇ ਤੌਰ ਤੇ, ਤੁਸੀਂ 'ਇਨਪੇਸ਼ੈਂਟ' ਹੋ। ਆਪਣੇ ਓਵਰਸੀਜ਼ ਵਿਜ਼ੀਟਰਜ਼ ਹੈਲਥ ਕਵਰ ਦੇ ਨਾਲ ਤੁਸੀਂ ਰਿਹਾਇਸ਼, ਓਪਰੇਸ਼ਨ ਥੀਏਟਰ, ਇੰਟੇਨਸਿਵ ਕੇਅਰ, ਡਾਕਟਰ ਦੀ ਫੀਸ, ਸਰਕਾਰ ਵੱਲੋਂ ਪਰਵਾਨਤ ਨਕਲੀ ਅੰਗ ਲਗਾਉਣ ਦੀ ਸੇਵਾ ਅਤੇ ਪੀ ਬੀ ਐਸ ਦਵਾਈਆਂ 'ਤੇ ਲਾਭ ਲੈ ਸਕਦੇ ਹੋ, ਜੇਕਰ ਇਹ ਤੁਹਾਡੇ ਕਵਰ ਦੇ ਪੱਧਰ ਵਿੱਚ ਸ਼ਾਮਲ ਹੈ।

ਤੁਸੀਂ ਕਿਹੜੀਆਂ ਇਨਪੇਸ਼ੈਂਟ ਸੇਵਾਵਾਂ ਹਾਸਿਲ ਕਰ ਸਕਦੇ ਹੋ ਇਹ ਤੁਹਾਡੇ ਕਵਰ ਦੇ ਪੱਧਰ ਦੇ ਨਾਲ ਇਸ ਗੱਲ ਤੇ ਵੀ ਨਿਰਭਰ ਹੈ ਕਿ ਕੀ ਤੁਸੀਂ ਸਾਡੇ ਨੈਟਵਰਕ ਵਿੱਚੋਂ ਕਿਸੇ ਹਸਪਤਾਲ ਦੀ ਚੋਣ ਕਰਦੇ ਹੋ ਜਾਂ ਨਹੀਂ। ਜੇਕਰ ਤੁਸੀਂ ਸਾਡੇ ਨੈਟਵਰਕ ਵਿਚਲੇ ਇੱਕ ਨਿੱਜੀ ਹਸਪਤਾਲ ਜਾਂਦੇ ਹੋ ਅਤੇ ਅਜਿਹੇ ਡਾਕਟਰਾਂ ਦਾ ਇਸਤੇਮਾਲ ਕਰਦੇ ਹੋ (ਹਿੱਸਾ ਲੈਣ ਵਾਲੇ ਸਰਜਨ ਅਤੇ ਐਨੇਸਥੀਟਿਸਟ ਸਮੇਤ) ਜੋ ਕਿ ਸਾਡੇ ਨੈਟਵਰਕ ਦਾ ਹਿੱਸਾ ਹਨ ਤਾਂ ਤੁਹਾਡੀ ਕੋਈ ਵਾਧੂ ਲਾਗਤ ਨਹੀਂ ਹੋਵੇਗੀ ਜਾਂ ਇਹ ਬਹੁਤ ਘੱਟ ਹੋਵੇਗੀ (ਤੁਹਾਡੀ ਐਕਸੈਸ ਤੋਂ ਅਲਾਵਾ, ਜੇਕਰ ਇਹ ਤੁਹਾਡੇ ਤੇ ਲਾਗੂ ਹੈ)। ਪਰ ਜੇ ਤੁਸੀਂ ਕਿਸੇ ਡਾਕਟਰ, ਨਿੱਜੀ ਜਾਂ ਸਰਕਾਰੀ ਹਸਪਤਾਲ ਜਾਂਦੇ ਹੋ ਜੋ ਕਿ ਸਾਡੇ ਨੈਟਵਰਕ ਦਾ ਹਿੱਸਾ ਨਹੀਂ ਹਨ ਤਾਂ ਤੁਹਾਡਾ ਕਾਫੀ ਜ਼ਿਆਦਾ ਵਾਧੂ ਖਰਚ ਹੋ ਸਕਦਾ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਹਮੇਸ਼ਾ ਪਹਿਲਾਂ ਸਾਡੀ 24/7 ਹੈਲਪਲਾਈਨ ਨੂੰ **13 68 42** ਤੇ ਕਾਲ ਕਰੋ (ਫੇਰ 2 ਦਬਾਓ), ਇਹ ਨਿਸ਼ਚਿਤ ਕਰਨ ਲਈ ਕਿ ਤੁਹਾਡੀ ਲਾਗਤ ਘੱਟ ਆਵੇ।

### ਆਊਟਪੇਸ਼ੈਂਟ ਸੇਵਾਵਾਂ

ਜੇਕਰ ਤੁਹਾਨੂੰ ਹਸਪਤਾਲ ਤੋਂ ਬਾਹਰ ਇਲਾਜ ਦੀ ਲੋੜ ਹੈ ਜਾਂ ਤੁਸੀਂ ਹਸਪਤਾਲ ਵਿੱਚ ਦਾਖਲ ਨਹੀਂ ਹੁੰਦੇ ਤਾਂ ਤੁਸੀਂ ਆਊਟਪੇਸ਼ੈਂਟ ਹੋ। ਸਭ ਤੋਂ ਆਮ ਆਊਟਪੇਸ਼ੈਂਟ ਸੇਵਾਵਾਂ ਹਨ :

- ਮਾਹਿਰ ਡਾਕਟਰ ਜਾਂ ਇੱਕ ਆਮ ਡਾਕਟਰ ਦੇ ਨਾਲ ਮਸ਼ਵਰਾ
- ਖੂਨ ਦੀ ਜਾਂਚ ਅਤੇ ਏਕਸ-ਰੇ ਲਈ ਹਸਪਤਾਲ ਜਾਣਾ
- ਆਊਟਪੇਸ਼ੈਂਟ ਕਲੀਨਿਕ ਤੇ ਜਾਣਾ
- ਐਮਰਜੰਸੀ ਡਿਪਾਰਟਮੈਂਟ ਸੇਵਾਵਾਂ ਦੀ ਫੀਸ
- ਐਮਰਜੰਸੀ ਐਮਬੂਲੈਂਸ।

ਤੁਸੀਂ ਕਿਸ ਕਿਸਮ ਦੀਆਂ ਆਊਟਪੇਸ਼ੈਂਟ ਸੇਵਾਵਾਂ ਹਾਸਿਲ ਕਰ ਸਕਦੇ ਹੋ ਇਹ ਤੁਹਾਡੇ ਕਵਰ ਦੇ ਪੱਧਰ ਤੇ ਨਿਰਭਰ ਹੈ, ਨਾਲ ਹੀ ਇਸ ਗੱਲ ਤੇ ਵੀ ਕਿ ਕੀ ਤੁਸੀਂ ਸਾਡੇ ਨੈਟਵਰਕ ਵਿੱਚੋਂ ਡਾਕਟਰ ਜਾਂ ਹਸਪਤਾਲ ਚੁਣਦੇ ਹੋ ਜਾਂ ਨਹੀਂ। ਹਮੇਸ਼ਾ ਪਹਿਲਾਂ ਸਾਡੀ 24/7 ਹੈਲਪਲਾਈਨ ਨੂੰ **13 68 42** 'ਤੇ ਕਾਲ ਕਰਨਾ ਯਾਦ ਰੱਖੋ (ਫੇਰ 2 ਦਬਾਓ) ਤਾਂ ਜੋ ਅਸੀਂ ਤੁਹਾਡੇ ਲਈ ਸਹੀ ਸੇਵਾ ਪ੍ਰਦਾਤਾ ਦੀ ਭਾਲ ਕਰਕੇ ਤੁਹਾਡੀ ਬਚਤ ਵਿੱਚ ਮਦਦ ਕਰ ਸਕੀਏ।



## ਸਾਨੂੰ 24/7 ਕਾਲ ਕਰੋ ਤਾਂ ਜੋ ਅਸੀਂ ਤੁਹਾਡੀ ਬਚਤ ਲਈ ਮਦਦ ਕਰ ਸਕੀਏ

ਅਸੀਂ ਆਪਣੇ ਨੈਟਵਰਕ ਵਿੱਚ ਹਸਪਤਾਲ ਜਾਂ ਡਾਕਟਰ ਦੀ ਭਾਲ ਆਸਾਨ ਬਣਾਉਂਦੇ ਹਾਂ ਤਾਂ ਜੋ ਤੁਸੀਂ ਘੱਟ ਖਰਚ ਕਰੋ। ਸਾਡੀ 24/7 ਹੈਲਪਲਾਈਨ ਤੇ ਕਾਲ ਕਰੋ ਅਤੇ ਅਸੀਂ ਤੁਹਾਨੂੰ ਸਹੀ ਸਿਹਤ ਸੰਭਾਲ ਸੇਵਾ ਨਾਲ ਜੋੜਾਂਗੇ।

ਸਾਡੇ ਮਾਹਿਰਾਂ ਦੀ ਟੀਮ ਤੁਹਾਨੂੰ ਸਾਡੇ ਨੈਟਵਰਕ ਵਿੱਚ ਸੇਵਾ ਦੇ ਨਾਲ ਜੋੜੇਗੀ ਜ੍ਹਿਨਾਂ ਵਿੱਚ ਸ਼ਾਮਿਲ ਹਨ :

- ਡਾਕਟਰ (ਜੀ ਪੀ)
- ਕੰਮਕਾਜੀ ਸਮੇਂ ਤੋਂ ਬਾਹਰ ਕੰਮ ਕਰਨ ਵਾਲੇ ਜੀ ਪੀ
- ਮਾਹਰ ਡਾਕਟਰ
- ਨਿੱਜੀ ਹਸਪਤਾਲ
- ਐਮਰਜੰਸੀ ਵਿਭਾਗ
- ਨਰਸਾਂ ਜੋ ਕਿ ਤੁਹਾਡੀ ਬਿਮਾਰੀ ਬਾਰੇ ਸਲਾਹ ਕਰਕੇ ਅਗਲੇ ਕਦਮਾਂ ਬਾਰੇ ਸੁਝਾਅ ਦੇ ਸਕਦੀਆਂ ਹਨ*
- ਜ਼ਾਤੀ ਮਦਦ ਜਿਵੇਂ ਕਿ ਟੈਕਸ ਬਾਰੇ ਸਲਾਹ ਅਤੇ ਕਾਨੂੰਨੀ ਸੇਵਾਵਾਂ^ ।

**ਸਾਡੀ 24/7 ਹੈਲਪਲਾਈਨ**
**13 68 42**
**ਤੇ ਕਾਲ ਕਰੋ ਫੇਰ 2 ਦਬਾਓ**

*ਸਿਹਤ ਸੰਭਾਲ ਸਹਾਇਤਾ ਅਜਿਹੀ ਸਥਿਤੀਆਂ ਲਈ ਨਹੀਂ ਹੈ ਜਦੋਂ ਕਿ ਜਾਨ ਜੋਖਮ ਵਿੱਚ ਹੋਵੇ ਜਾਂ ਕੋਈ ਮੈਡੀਕਲ ਐਮਰਜੰਸੀ ਹੋਵੇ। ਇਹ ਰੋਗ-ਪਛਾਣ ਸੇਵਾ ਨਹੀਂ ਹੈ ਅਤੇ ਸਿਹਤ ਮਾਹਰ ਦੇ ਨਾਲ ਮਸ਼ਵਰੇ ਦੀ ਥਾਂ ਨਹੀਂ ਲੈ ਸਕਦੀ ਹੈ।

^ਜ਼ਾਤੀ ਸਹਾਇਤਾ ਸੇਵਾ ਪ੍ਰਦਾਤਾਵਾਂ ਦੀ ਕਿਸੇ ਫੀਸ ਦੀ ਅਦਾਇਗੀ ਮੇਂਬਰਾਂ ਦੀ ਆਪਣੀ ਜਿੰਮੇਦਾਰੀ ਹੋਵੇਗੀ।

# ਵਰਕਿੰਗ ਵੀਜ਼ਾ ਦੇ ਕਵਰ

**ਜੇਕਰ ਤੁਹਾਨੂੰ ਆਪਣੇ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਨਿੱਜੀ ਸਿਹਤ ਬੀਮਾ ਚਾਹੀਦਾ ਹੈ ਤਾਂ ਇਹਨਾਂ ਵਿੱਚੋਂ 1 ਵਿਕਲਪ ਚੁਣੋ**

## ਚੁਣੇ ਹੋਏ ਐਕਸਟਰਾਜ਼ ‘ਤੇ 100% ਰਕਮ ਵਾਪਿਸ ਹਾਸਿਲ ਕਰੋ

ਸਾਡੇ ਨੇਟਵਰਕ ਦੇ ਅੰਦਰ ਐਕਸਟਰਾਜ਼ ਪ੍ਰਦਾਤਾਵਾਂ ਤੋਂ ਤੁਸੀਂ ਟਾਪ ਅਤੇ ਟਾਪ ਪਲਸ ‘ਤੇ ਆਪਣੀ ਸਲਾਨਾ ਹੱਦ ਤੱਕ 100% ਤੱਕ ਰਕਮ ਵਾਪਿਸ ਲੈ ਸਕਦੇ ਹੋ। ਇਹਨਾਂ ਵਿੱਚ ਸ਼ਾਮਿਲ ਹਨ

- ਸਾਡੇ ਨੇਤਵਰਕ ਰਾਹੀਂ ਦੰਦਾਂ ਦੀ ਜਾਂਚ
- ਸਾਡੇ ਨੇਟਵਰਕ ਵਿੱਚ ਤੁਹਾਡੀਆਂ ਅੱਖਾਂ ਦੀ ਜਾਂਚ ਦੇ ਨਾਲ ਨਿਗਾਹ ਦੀਆਂ ਐਨਕਾਂ ਅਤੇ ਰੈਟਿਨਾ ਦੀ ਡਿਜਿਟਲ ਇਮੇਜਿੰਗ ਮੁਫ਼ਤ*
- ਸਾਡੇ ਨੇਟਵਰਕ ਵਿੱਚ ਕਾਇਰੋ ਅਤੇ ਓਸਟੀਓ ਦੇ ਨਾਲ ਪਹਿਲੀ ਮੁਲਾਕਾਤ
- ਸਾਡੇ ਨੇਟਵਰਕ ਵਿੱਚ ਫਿਜ਼ੀਓ ਦੇ ਨਾਲ ਪਹਿਲੀ ਮੁਲਾਕਾਤ
- ਸਿਰਫ਼ ਟਾਪ ਪਲਸ ਦੇ ਨਾਲ, ਸਾਡੇ ਨੇਟਵਰਕ ਵਿਚਲੇ ਪੋਡਿਆਟ੍ਰਿਸਟ ਦੇ ਨਾਲ ਪਹਿਲੀ ਮੁਲਾਕਾਤ।

*ਲੈਂਸ ਕੋਟਿੰਗ ਅਤੇ ਹਾਈ ਇੰਡੈਕਸ ਸਾਮਗਰੀ ਜਿਹੇ ਐਡ ਓਨ ਸ਼ਾਮਲ ਨਹੀਂ ਹਨ।

## ਸਾਡੇ ਨੈਟਵਰਕ ਵਿੱਚ ਡਾਕਟਰ ਨੂੰ ਮਿਲਣ ਲਈ ਕੋਈ ਖਰਚ ਨਹੀਂ

ਜਦੋਂ ਤੁਸੀਂ ਸਾਡੇ ਨੈਟਵਰਕ ਵਿੱਚ ਕਿਸੇ ਡਾਕਟਰ (ਜੀ ਪੀ) ਦੇ ਕੋਲ ਜਾਂਦੇ ਹੋ ਤਾਂ ਸਲਾਹ ਲਈ ਤੁਹਾਡਾ ਕੋਈ ਖਰਚਾ ਨਹੀਂ ਹੋਵੇਗਾ।

ਸਾਡੀ 24/7 ਹੈਲਪਲਾਈਨ
**13 68 42**
ਤੇ ਕਾਲ ਕਰੋ ਫੇਰ 2 ਦਬਾਓ

| ਵਿਸ਼ੇਸ਼ਤਾ | ਬੇਸਿਕ | ਮਿਡ | ਟਾਪ | ਟਾਪ ਪਲੱਸ |
|---|---|---|---|---|
| **ਵੀਜ਼ੇ ਲਈ ਢੁਕਵਾਂ** | ✓ | ✓ | ✓ | ✓ |
| **ਐਕਸੈਸ** | $0 | $0 | $0 ਜਾਂ $250 ਐਕਸੈਸ ਤਾਂ ਜੋ ਤੁਹਾਡਾ ਪ੍ਰੀਮੀਅਮ ਘੱਟ ਰਹੇ | $0 ਜਾਂ $250 ਐਕਸੈਸ ਤਾਂ ਜੋ ਤੁਹਾਡਾ ਪ੍ਰੀਮੀਅਮ ਘੱਟ ਰਹੇ |
| **ਇਨਪੇਸ਼ੈਂਟ ਸੇਵਾਵਾਂ*** | | | | |
| ਸਾਡੇ ਨਿੱਜੀ ਹਸਪਤਾਲ ਨੈਟਵਰਕ ਵਿੱਚ ਰਿਹਾਇਸ਼, ਥੀਏਟਰ ਅਤੇ ਨਕਲੀ ਅੰਗਾਂ ਦੀ ਫੀਸ ਤੁਹਾਡੇ ਕਵਰ ਵਿੱਚ ਸ਼ਾਮਲ ਹੈ | ✓ | ✓ | ✓ | ✓ |
| ਸੇਵਾਵਾਂ ਵਿੱਚ ਸ਼ਾਮਿਲ ਹੋਣ ਮਗਰੋਂ ਹਾਦਸੇ ਸਬੰਧੀ ਇਲਾਜ ਕਵਰ ਵਿੱਚ ਸ਼ਾਮਲ ਹੈ | ✓ | ✓ | ✓ | ✓ |
| ਇਲਾਜ ਲਈ ਡਾਕਟਰ ਅਤੇ ਮਾਹਰਾਂ ਦੀ ਫੀਸ ਕਵਰ ਵਿੱਚ ਸ਼ਾਮਲ ਹੈ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| **ਆਊਟਪੇਸ਼ੈਂਟ ਸੇਵਾਵਾਂ** | | | | |
| ਡਾਕਟਰ ਅਤੇ ਮਾਹਰਾਂ ਦੀ ਫੀਸ | ✕ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| MBS^ ਦੇ ਨਾਲ ਰੋਗ-ਪਛਾਣ ਸੇਵਾਵਾਂ (ਮਸਲਨ ਖੂਨ ਟੈਸਟ, ਸਕੈਨ ਅਤੇ ਏਕਸ-ਰੇ) | ✕ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| ਐਮਰਜੰਸੀ ਵਿੱਚ ਐਮਬੂਲੈਂਸ ਕਵਰ | ✓ | ✓ | ✓ | ✓ |
| ਐਮਰਜੰਸੀ ਵਿਭਾਗ ਵਿੱਚ ਸੇਵਾਵਾਂ ਦੀ ਫੀਸ | 100% ਕੇਵਲ ਭਰਤੀ ਹੋਣ ਤੇ | 100% ਕੇਵਲ ਭਰਤੀ ਹੋਣ ਤੇ | 100% ਕੇਵਲ ਭਰਤੀ ਹੋਣ ਤੇ $200 ਹਰੇਕ ਵਾਰ ਜਦੋਂ ਭਰਤੀ ਨਹੀਂ ਹੋ | 100% ਕੇਵਲ ਭਰਤੀ ਹੋਣ ਤੇ $200 ਹਰੇਕ ਵਾਰ ਜਦੋਂ ਭਰਤੀ ਨਹੀਂ ਹੋ |
| **ਵਾਧੂ ਸੇਵਾਵਾਂ** | | | | |
| ਸ਼ਰੀਰ ਵਾਪਿਸ ਆਪਣੇ ਮੁਲਕ ਭੇਜਣਾ | $50,000 ਤੱਕ | $100,000 ਤੱਕ | $100,000 ਤੱਕ | $110,000 ਤੱਕ |
| ਫਿਊਨਰਲ ਕਵਰ | $15,000 ਤੱਕ | $15,000 ਤੱਕ | $15,000 ਤੱਕ | $20,000 ਤੱਕ |
| **ਵਾਧੂ ਸੇਵਾਵਾਂ#** | | | | |
| ਦੰਦ, ਅੱਖਾਂ, ਥੈਰੇਪੀ ਜਿੰਵੇ ਕਿ ਫਿਜ਼ਿਓਥੈਰੇਪੀ ਅਤੇ ਚਾਇਨੀਜ਼ ਹਰਬਲ ਮੈਡੀਸਿਨ ਲਈ ਮਸ਼ਵਰੇ | | | ✓# | ✓# ਵੱਧ ਲਾਭ ਅਤੇ ਸਾਲਾਨਾ ਹੱਦ |
| ਦੰਦ ਸੁਧਾਈ, ਖੁਰਾਕ ਅਤੇ ਪੋਡਾਇਟਰੀ | | | | ✓# |

*ਹਸਪਤਾਲ ਵਿਚਲੀ ਸੇਵਾਵਾਂ ਤੁਹਾਡੇ ਕਵਰ ਦੇ ਪੱਧਰ ਮੁਤਾਬਕ ਵੱਖ ਵੱਖ ਹੋ ਸਕਦੀਆਂ ਹਨ। ਕਵਰ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਨ ਲਈ ਤੁਸੀਂ **hcfvisitorhealthcover.com** ਤੇ ਜਾਕੇ ਪ੍ਰੋਡਕਟ ਸਮਰੀ ਜਾਂ ਓ ਵੀ ਐਚ ਸੀ ਫੰਡ ਰੂਲ ਡਾਊਨਲੋਡ ਕਰੋ।

^ਮੈਡੀਕੇਅਰ ਬੇਨੇਫਿਟਸ ਸ਼ੈਡਿਊਲ (MBS) ਫੀਸ ਮੈਡੀਕੇਅਰ ਵੱਲੋਂ ਤੁਹਾਡੇ ਇਲਾਜ ਲਈ ਮਿੱਥੀ ਮਿਆਰੀ ਫੀਸ ਹੈ। ਜੇਕਰ ਤੁਹਾਡਾ ਪ੍ਰਦਾਤਾ MBS ਫੀਸ ਤੋਂ ਵੱਧ ਲੈਂਦਾ ਹੈ ਤਾਂ ਦੋਵਾਂ ਦਾ ਜੋ ਅੰਤਰ ਹੈ, ਉਸਦਾ ਭੁਗਤਾਨ ਤੁਹਾਨੂੰ ਆਪ ਕਰਨਾ ਪਵੇਗਾ।

#ਪ੍ਰਤੀ ਕੈਲੇਂਡਰ ਸਾਲ ਪ੍ਰਤੀ ਵਿਅਕਤੀ ਤੁਹਾਡੀ ਸਾਲਾਨਾ ਸੀਮਾ ਤੱਕ। ਐਚ ਸੀ ਐਫ ਮਿੱਥੀ ਰਕਮ ਹੀ ਲਾਭ ਵਿੱਚ ਦਿੰਦਾ ਹੈ ਅਤੇ ਜੇਕਰ ਸੇਵਾ ਪ੍ਰਦਾਤਾ ਦੀ ਫੀਸ ਇਸਤੋਂ ਵੱਧ ਹੈ ਤਾਂ ਦੋਹਾਂ ਦੇ ਅੰਤਰ ਦਾ ਭੁਗਤਾਨ ਕਰਨਾ ਪਵੇਗਾ।

### ✓ ਜੋ ਕਵਰ ਹੈ (ਸ਼ਾਮਲ ਸੇਵਾਵਾਂ)

ਪ੍ਰਾਈਵੇਟ ਮਰੀਜ਼ ਦੇ ਤੌਰ ਤੇ ਸਾਡੇ ਨੈਟਵਰਕ ਵਿਚਲੇ ਹਸਪਤਾਲ ਜਾਂ ਡਾਕਟਰ ਤੋਂ ਕਵਰ ਪ੍ਰਾਪਤ।

**ਧਿਆਨ ਦਿਓ:** ਸਰਕਾਰੀ ਜਾਂ ਗ਼ੈਰ ਨੈਟਵਰਕ ਨਿੱਜੀ ਹਸਪਤਾਲਾਂ ਵਿੱਚ ਮਿਲਣ ਵਾਲਾ ਸਾਰਾ ਇਲਾਜ, ਭਾਵੇਂ ਇਹ ਸੇਵਾਵਾਂ ਜਾਂ ਇਲਾਜ ਤੁਹਾਡੇ ਕਵਰ ਵਿੱਚ ਸ਼ਾਮਲ ਹੋਣ, ਇਸਦੇ ਲਈ ਕੇਵਲ ਘੱਟੋ ਘੱਟ ਲਾਭ ਦਿੱਤਾ ਜਾਵੇਗਾ ਅਤੇ ਤੁਹਾਨੂੰ ਵਾਧੂ ਲਾਗਤ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਤੁਹਾਡੇ ਕਵਰ ਦੇ ਪੱਧਰ ਮੁਤਾਬਕ ਤੁਹਾਨੂੰ ਕੁੱਝ ਆਊਟਪੈਸ਼ੈਂਟ ਸੇਵਾਵਾਂ ਲਈ ਵੀ ਵਾਧੂ ਲਾਗਤ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

### ✕ ਜੋ ਕਵਰ ਨਹੀਂ ਕੀਤਾ ਜਾਂਦਾ (ਉਹ ਸੇਵਾਵਾਂ ਜੋ ਸ਼ਾਮਲ ਨਹੀਂ ਹਨ)

### ਉਡੀਕ ਮਿਆਦ

ਉਡੀਕ ਮਿਆਦ ਉਹ ਸਮਾਂ ਹੈ ਜਿਸ ਦੌਰਾਨ ਤੁਹਾਨੂੰ ਕਵਰ ਵਿੱਚ ਸ਼ਾਮਲ ਸੇਵਾਵਾਂ ‘ਤੇ ਕਲੇਮ ਕਰਣ ਤੋਂ ਪਹਿਲਾਂ ਉਡੀਕ ਕਰਨੀ ਪੈਂਦੀ ਹੈ। 2-12 ਮਹੀਨੇ ਦੀ ਉਡੀਕ ਮਿਆਦ ਲਾਗੂ ਹੁੰਦੀ ਹੈ ਅਤੇ ਇਹ ਤੁਹਾਡੇ ਇਲਾਜ ਅਤੇ ਇਸ ਗੱਲ ਤੇ ਨਿਰਭਰ ਹੈ ਕਿ ਕੀ ਤੁਹਾਡੀ ਬੀਮਾਰੀ ਜਾਂ ਸਮੱਸਿਆ ਪਹਿਲਾਂ ਤੋਂ ਸੀ ਜਾਂ ਨਹੀਂ।

### ਐਕਸੈਸ

ਐਕਸੈਸ ($0 ਜਾਂ $250) ਉਹ ਰਕਮ ਹੈ ਜਿਸਦਾ ਭੁਗਤਾਨ ਤੁਸੀਂ ਇੱਕ ਦਿਨ ਜਾਂ ਰਾਤ ਭਰ ਲਈ ਹਸਪਤਾਲ ਭਰਤੀ ਹੋਣ ਦੀ ਸੂਰਤ ਵਿੱਚ ਕਰਨ ਲਈ ਸਹਿਮਤ ਹੁੰਦੇ ਹੋ।

### ਪਹਿਲਾਂ ਤੋਂ ਮੌਜੂਦ ਬਿਮਾਰੀ

ਪਹਿਲਾਂ ਤੋਂ ਮੌਜੂਦ ਇੱਕ ਬਿਮਾਰੀ ਜਾਂ ਰੋਗ ਹੈ ਜਿਸਦੇ ਲੱਛਣ ਜਾਂ ਨਿਸ਼ਾਨੀਆਂ ਤੁਹਾਡੇ ਐਚ ਸੀ ਐਫ ਓ ਵੀ ਐਚ ਸੀ ਲੈਣ ਜਾਂ ਇਸਨੂੰ ਉੱਪਰਲੇ ਪੱਧਰ ਤੇ ਅਪਗ੍ਰੇਡ ਕਰਨ ਤੋਂ 6 ਮਹੀਨੇ ਪਹਿਲਾਂ ਦੌਰਾਨ ਹੋਣ, ਭਾਵੇਂ ਇਸਦੀ ਡਾਕਟਰ ਵੱਲੋਂ ਪਛਾਣ ਨਾ ਕੀਤੀ ਗਈ ਹੋਵੇ।

**ਕਵਰ ਦੇ ਹਰੇਕ ਪੱਧਰ ਦੁਆਰਾ ਕਵਰ ਕੀਤੀਆਂ ਜਾਂਦੀਆਂ ਬਿਮਾਰੀਆਂ ਅਤੇ ਸੇਵਾਵਾਂ ਦੀ ਵਿਸਤ੍ਰਿਤ ਸੂਚੀ ਲਈ hcfvisitorhealthcover.com ਤੇ ਜਾਓ ਅਤੇ ਉਤਪਾਦ ਸੰਖੇਪ ਜਾਂ ਓ ਵੀ ਐਚ ਸੀ ਫੰਡ ਨਿਯਮ ਡਾਊਨਲੋਡ ਕਰੋ। ਤੁਸੀਂ ਆਪ ਸਾਡੇ ਕੋਲ ਆ ਵੀ ਸਕਦੇ ਹੋ ਜਾਂ ਸਾਨੂੰ 13 68 42 ਤੇ ਫੋਨ ਕਰੋ।**

# ਵਿਜ਼ੀਟਰ ਵੀਜ਼ਾ ਵਿੱਚ ਕਵਰ ਹੈ

ਭਾਵੇਂ ਤੁਹਾਨੂੰ ਵੀਜ਼ਾ ਹਾਸਿਲ ਕਰਨ ਲਈ ਨਿੱਜੀ ਸਿਹਤ ਬੀਮੇ ਦੀ ਲੋੜ ਨਾ ਹੋਵੇ, ਇਹ ਤੁਹਾਨੂੰ ਮਨ ਦੀ ਸ਼ਾਂਤੀ ਦੇ ਸਕਦਾ ਹੈ। ਇਹ ਜਾਣਦੇ ਹੋਏ ਕਿ ਜੇਕਰ ਤੁਸੀਂ ਅਚਾਨਕ ਬਿਮਾਰ ਜਾਂ ਜ਼ਖਮੀ ਹੋ ਜਾਂਦੇ ਹੋ ਤਾਂ ਤੁਹਾਡੇ ਕੋਲ ਬੀਮਾ ਹੈ, ਤੁਸੀਂ ਆਸਟ੍ਰੇਲੀਆ ਵਿੱਚ ਆਪਣੇ ਸਮੇਂ ਦਾ ਆਨੰਦ ਲੈ ਸਕਦੇ ਹੋ।

**ਜੇਕਰ ਤੁਹਾਨੂੰ ਆਪਣੇ ਵੀਜ਼ੇ ਦੀ ਸ਼ਰਤ ਪੂਰੀ ਕਰਨ ਲਈ ਬੀਮਾ ਲੈਣਾ ਲਾਜ਼ਮੀ ਹੈ ਤਾਂ ਇਹ ਕਵਰ ਤੁਹਾਡੇ ਲਈ ਢੁਕਵਾਂ ਨਹੀਂ ਹੈ।**



## ਡਾਕਟਰ ਜਾਂ ਹਸਪਤਾਲ ਜਾਣ ਤੋਂ ਪਹਿਲਾਂ ਸਾਨੂੰ 24/7 ਫ਼ੋਨ ਕਰੋ

ਅਸੀਂ ਆਪਣੇ ਨੈਟਵਰਕ ਵਿੱਚ ਹਸਪਤਾਲ ਜਾਂ ਡਾਕਟਰ ਦੀ ਭਾਲ ਕਰਨਾ ਸੌਖਾ ਬਣਾਉਂਦੇ ਹਾਂ ਤਾਂ ਜੋ ਤੁਹਾਡੀ ਲਾਗਤ ਘੱਟ ਹੋਵੇ। ਸਾਡੀ 24/7 ਹੈਲਪਲਾਈਨ ਨੂੰ ਫੋਨ ਕਰੋ ਅਤੇ ਸਾਡੇ ਮਾਹਰਾਂ ਦੀ ਟੀਮ ਤੁਹਾਨੂੰ ਢੁਕਵੀਂ ਸਿਹਤ ਸੰਭਾਲ ਸੇਵਾ ਦੇ ਨਾਲ ਜੋੜੇਗੀ।

**ਸਾਡੀ 24/7 ਹੈਲਪਲਾਈਨ**
**13 68 42**
**ਤੇ ਕਾਲ ਕਰੋ ਫੇਰ 2 ਦਬਾਓ**



## ਸਾਡੇ ਨੈਟਵਰਕ ਵਿੱਚ ਡਾਕਟਰ ਨੂੰ ਮਿਲਣ ਲਈ ਕੋਈ ਖਰਚ ਨਹੀਂ

ਜਦੋਂ ਤੁਸੀਂ ਸਾਡੇ ਨੈਟਵਰਕ ਵਿੱਚ ਕਿਸੇ ਡਾਕਟਰ (ਜੀ ਪੀ) ਦੇ ਕੋਲ ਜਾਂਦੇ ਹੋ ਤਾਂ ਸਲਾਹ ਲਈ ਤੁਹਾਡਾ ਕੋਈ ਖਰਚਾ ਨਹੀਂ ਹੋਵੇਗਾ।

**ਸਾਡੀ 24/7 ਹੈਲਪਲਾਈਨ**
**13 68 42**
**ਤੇ ਕਾਲ ਕਰੋ ਫੇਰ 2 ਦਬਾਓ**

| ਵਿਸ਼ੇਸ਼ਤਾ | ਸ਼ੋਰਟ ਸਟੇ | ਐਸੇਨਸ਼ਿਅਲ | ਐਸੇਨਸ਼ਿਅਲ ਪਲਸ |
|---|---|---|---|
| ਵੀਜ਼ੇ ਲਈ ਢੁਕਵਾਂ | ✕ | ✕ | ✕ |
| ਐਕਸੈਸ | $250 | $250 | $250 |
| ਕੁਵਾਰਿਆਂ ਅਤੇ ਜੋੜਿਆਂ ਲਈ ਉਪਲਬਧ | ✓ | ✓ | ✓ |
| ਪਰਿਵਾਰਾਂ ਲਈ ਉਪਲਬਧ | ✕ | ✓ | ✓ |
| **ਪਹਿਲਾਂ ਤੋਂ ਮੌਜੂਦ ਰੋਗਾਂ ਲਈ ਕਵਰ** (ਸ਼ਾਮਲ ਸੇਵਾਵਾਂ ਲਈ ਅਤੇ ਉਡੀਕ ਮਿਆਦ ਪੂਰੀ ਹੋਣ ਉਪਰੰਤ) | ✕ | ✓ | ✓ |
| **ਇਨਪੇਸ਼ੈਂਟ ਸੇਵਾਵਾਂ*** | | | |
| ਸਾਡੇ ਨਿੱਜੀ ਹਸਪਤਾਲ ਨੈਟਵਰਕ ਵਿੱਚ ਇਲਾਜ ਲਈ ਹਸਪਤਾਲ ਵਿੱਚ ਰਿਹਾਇਸ਼, ਥੀਏਟਰ ਅਤੇ ਨਕਲੀ ਅੰਗ ਦੀ ਫੀਸ ਤੁਹਾਡੇ ਕਵਰ ਵਿੱਚ ਸ਼ਾਮਲ ਹੈ | ✓ | ✓ | ✓ |
| ਬੀਮਾ ਸ਼ੁਰੂ ਹੋਣ ਮਗਰੋਂ ਹੋਈ ਦੁਰਘਟਨਾ ਨਾਲ ਸਬੰਧਤ ਇਲਾਜ ਤੁਹਾਡੇ ਕਵਰ ਵਿੱਚ ਸ਼ਾਮਲ ਹੈ | ✓ | ✓ | ✓ |
| ਇਲਾਜ ਲਈ ਡਾਕਟਰਾਂ ਅਤੇ ਮਾਹਰਾਂ ਦੀ ਫੀਸ ਤੁਹਾਡੇ ਕਵਰ ਵਿੱਚ ਸ਼ਾਮਲ ਹੈ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| **ਆਊਟਪੇਸ਼ੈਂਟ ਸੇਵਾਵਾਂ** | | | |
| ਡਾਕਟਰ ਅਤੇ ਮਾਹਰਾਂ ਦੀ ਫੀਸ | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| ਐਮ ਬੀ ਐਸ^ ਨਾਲ ਰੋਗ-ਪਛਾਣ ਸੇਵਾਵਾਂ (ਮਸਲਨ ਖ਼ੂਨ ਦੀ ਜਾਂਚ, ਸਕੈਨ ਅਤੇ ਐਕਸ-ਰੇ) | 100% ਐਮ ਬੀ ਏਸ^ | 100% ਐਮ ਬੀ ਏਸ^ | 100% ਐਮ ਬੀ ਏਸ^ |
| ਐਮਰਜੰਸੀ ਵਿੱਚ ਐਮਬੂਲੈਂਸ ਕਵਰ | ✓ | ✓ | ✓ |
| ਵਧੋ-ਵੱਧ $200 ਪ੍ਰਤੀ ਫੇਰੀ ਤੱਕ ਐਮਰਜੰਸੀ ਵਿਭਾਗ ਦੀ ਫੇਸੀਲਿਟੀ ਫੀਸ | ✓ | ✓ | ✓ |

*ਕਵਰ ਕੀਤੀਆਂ ਜਾਂਦੀਆਂ ਹਸਪਤਾਲ ਸੇਵਾਵਾਂ ਤੁਹਾਡੇ ਬੀਮੇ ਦੇ ਪੱਧਰ ਤੇ ਨਿਰਭਰ ਕਰਨਗੀਆਂ। ਕਵਰ ਕੀਤੀਆਂ ਜਾਂਦੀਆਂ ਹਸਪਤਾਲ ਸੇਵਾਵਾਂ ਬਾਰੇ ਜਾਣਨ ਲਈ **hcfvisitorhealthcover.com** 'ਤੇ ਜਾਓ ਅਤੇ ਉਤਪਾਦ ਸੰਖੇਪ ਜਾਂ ਓ ਵੀ ਐਚ ਸੀ ਫੰਡ ਨਿਯਮ ਡਾਊਨਲੋਡ ਕਰੋ।

^ਮੈਡੀਕੇਅਰ ਬੇਨੇਫਿਟਜ਼ ਸਕੀਮ (ਐਮ ਬੀ ਐਸ) ਫੀਸ ਤੁਹਾਡੇ ਇਲਾਜ ਲਈ ਮਿੱਥੀ ਮੈਡੀਕੇਅਰ ਦੀ ਫੀਸ ਹੈ। ਜੇਕਰ ਤੁਹਾਡਾ ਸੇਵਾ ਪ੍ਰਦਾਤਾ ਐਮ ਬੀ ਐਸ ਤੋਂ ਵੱਧ ਫੀਸ ਲੈਂਦਾ ਹੈ ਤਾਂ ਤੁਹਾਨੂੰ ਇਸਦੇ ਅੰਤਰ ਦਾ ਭੁਗਤਾਨ ਆਪ ਕਰਨਾ ਪਵੇਗਾ।

### ✓ ਜੋ ਕਵਰ ਹੈ (ਸ਼ਾਮਲ ਸੇਵਾਵਾਂ)

ਪ੍ਰਾਈਵੇਟ ਮਰੀਜ਼ ਦੇ ਤੌਰ ਤੇ ਸਾਡੇ ਨੈਟਵਰਕ ਵਿਚਲੇ ਹਸਪਤਾਲ ਜਾਂ ਡਾਕਟਰ ਤੋਂ ਕਵਰ ਪ੍ਰਾਪਤ।

**ਧਿਆਨ ਦਿਓ:** ਸਰਕਾਰੀ ਜਾਂ ਗ਼ੈਰ ਨੈਟਵਰਕ ਨਿੱਜੀ ਹਸਪਤਾਲਾਂ ਵਿੱਚ ਮਿਲਣ ਵਾਲਾ ਸਾਰਾ ਇਲਾਜ, ਭਾਵੇਂ ਇਹ ਸੇਵਾਵਾਂ ਜਾਂ ਇਲਾਜ ਤੁਹਾਡੇ ਕਵਰ ਵਿੱਚ ਸ਼ਾਮਲ ਹੋਣ, ਇਸਦੇ ਲਈ ਕੇਵਲ ਘੱਟੋ ਘੱਟ ਲਾਭ ਦਿੱਤਾ ਜਾਵੇਗਾ ਅਤੇ ਤੁਹਾਨੂੰ ਵਾਧੂ ਲਾਗਤ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਤੁਹਾਡੇ ਕਵਰ ਦੇ ਪੱਧਰ ਮੁਤਾਬਕ ਤੁਹਾਨੂੰ ਕੁੱਝ ਆਊਟਪੇਸ਼ੈਂਟ ਸੇਵਾਵਾਂ ਲਈ ਵੀ ਵਾਧੂ ਲਾਗਤ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

### ✕ ਜੋ ਕਵਰ ਨਹੀਂ ਕੀਤਾ ਜਾਂਦਾ (ਉਹ ਸੇਵਾਵਾਂ ਜੋ ਸ਼ਾਮਲ ਨਹੀਂ ਹਨ)

### ਉਡੀਕ ਮਿਆਦ

ਉਡੀਕ ਮਿਆਦ ਉਹ ਸਮਾਂ ਹੈ ਜਿਸ ਦੌਰਾਨ ਤੁਹਾਨੂੰ ਕਵਰ ਵਿੱਚ ਸ਼ਾਮਲ ਸੇਵਾਵਾਂ 'ਤੇ ਕਲੇਮ ਕਰਣ ਤੋਂ ਪਹਿਲਾਂ ਉਡੀਕ ਕਰਨੀ ਪੈਂਦੀ ਹੈ। 2-12 ਮਹੀਨੇ ਦੀ ਉਡੀਕ ਮਿਆਦ ਲਾਗੂ ਹੁੰਦੀ ਹੈ ਅਤੇ ਇਹ ਤੁਹਾਡੇ ਇਲਾਜ ਅਤੇ ਇਸ ਗੱਲ ਤੇ ਨਿਰਭਰ ਹੈ ਕਿ ਕੀ ਤੁਹਾਡੀ ਬੀਮਾਰੀ ਜਾਂ ਸਮੱਸਿਆ ਪਹਿਲਾਂ ਤੋਂ ਸੀ ਜਾਂ ਨਹੀਂ।

### ਐਕਸੈਸ

ਐਕਸੈਸ ($250) ਉਹ ਰਕਮ ਹੈ ਜਿਸਦਾ ਭੁਗਤਾਨ ਤੁਸੀਂ ਇੱਕ ਦਿਨ ਜਾਂ ਰਾਤ ਭਰ ਲਈ ਹਸਪਤਾਲ ਭਰਤੀ ਹੋਣ ਦੀ ਸੂਰਤ ਵਿੱਚ ਕਰਨ ਲਈ ਸਹਿਮਤ ਹੁੰਦੇ ਹੋ।

### ਪਹਿਲਾਂ ਤੋਂ ਮੌਜੂਦ ਬਿਮਾਰੀ

ਪਹਿਲਾਂ ਤੋਂ ਮੌਜੂਦ ਇੱਕ ਬਿਮਾਰੀ ਜਾਂ ਰੋਗ ਹੈ ਜਿਸਦੇ ਲੱਛਣ ਜਾਂ ਨਿਸ਼ਾਨੀਆਂ ਤੁਹਾਡੇ ਐਚ ਸੀ ਐਫ ਓ ਵੀ ਐਚ ਸੀ ਲੈਣ ਜਾਂ ਇਸਨੂੰ ਉੱਪਰਲੇ ਪੱਧਰ ਤੇ ਅਪਗ੍ਰੇਡ ਕਰਨ ਤੋਂ 6 ਮਹੀਨੇ ਪਹਿਲਾਂ ਦੌਰਾਨ ਹੋਣ, ਭਾਵੇਂ ਇਸਦੀ ਡਾਕਟਰ ਵੱਲੋਂ ਪਛਾਣ ਨਾ ਕੀਤੀ ਗਈ ਹੋਵੇ।

**ਕਵਰ ਦੇ ਹਰੇਕ ਪੱਧਰ ਦੁਆਰਾ ਕਵਰ ਕੀਤੀਆਂ ਜਾਂਦੀਆਂ ਬਿਮਾਰੀਆਂ ਅਤੇ ਸੇਵਾਵਾਂ ਦੀ ਵਿਸਤ੍ਰਿਤ ਸੂਚੀ ਲਈ hcfvisitorhealthcover.com ਤੇ ਜਾਓ ਅਤੇ ਉਤਪਾਦ ਸੰਖੇਪ ਜਾਂ ਓ ਵੀ ਐਚ ਸੀ ਫੰਡ ਨਿਯਮ ਡਾਊਨਲੋਡ ਕਰੋ। ਤੁਸੀਂ ਆਪ ਸਾਡੇ ਕੋਲ ਆ ਵੀ ਸਕਦੇ ਹੋ ਜਾਂ ਸਾਨੂੰ 13 68 42 ਤੇ ਫੋਨ ਕਰੋ।**

HCF

# ਐਚ ਸੀ ਐਫ ਦੇ ਨਾਲ ਜੁੜਣਾ ਇਨਾ ਸੌਖਾ ਹੈ ਜਿਵੇਂ ਕਿ 1, 2, 3!

1. ਕੋਟ ਲੈਣ ਲਈ ਸਾਨੂ ਫੋਨ ਕਰੋ, ਔਨਲਾਈਨ ਜਾਂ ਸਾਡੇ ਕਿਸੇ ਵੀ ਦਫਤਰ ਆਓ।
2. ਆਪਣੀ ਲੋੜ ਮੁਤਾਬਕ ਬੀਮੇ ਦੇ ਪੱਧਰ ਦੀ ਚੋਣ ਕਰੋ।
3. ਸਾਡੇ ਨਾਲ ਜੁੜ ਜਾਣ 'ਤੇ ਅਸੀਂ ਤੁਹਾਨੂੰ ਇੱਕ ਸੁਆਗਤੀ ਈ-ਮੇਲ ਭੇਜਾਂਗੇ।
   ਜੇਕਰ ਤੁਸੀਂ ਵੀਜ਼ੇ ਲਈ ਢੁਕਵਾਂ ਬੀਮੇ ਲਿਆ ਹੈ ਇਸ ਵਿੱਚ ਹੋਮ ਅਫੇਯਰ ਵਿਭਾਗ ਦੇ ਲਈ ਇੱਕ ਪੱਤਰ ਸ਼ਾਮਲ ਹੋਵੇਗਾ (ਜੇਕਰ ਤੁਸੀਂ ਵੀਜ਼ੇ ਲਈ ਗ਼ੈਰ-ਢੁਕਵਾਂ ਬੀਮਾ ਚੁਣਿਆ ਹੈ ਤਾਂ ਅਸੀਂ ਇਹ ਪੱਤਰ ਤੁਹਾਨੂੰ ਦੇਣ ਵਿੱਚ ਅਸਮਰੱਥ ਹੋਵਾਂਗੇ)।

**ਦੀ ਹੌਸਪੀਟਲ ਕੰਟਰੀਬੀਯੂਸ਼ਨ ਫ਼ੰਡ ਓਫ ਆਸਟ੍ਰੇਲੀਆ ਲਿਮਿਟਿਡ**
**ABN 68 000 026 746   AFSL 241 414**
ਐਚ ਸੀ ਐਫ ਹਾਊਸ : 403 ਜਾਰਜ ਸਟ੍ਰੀਟ, ਸਿਡਨੀ ਐਨ ਐਸ ਡਬਲਯੂ 2000
ਡਾਕ ਪਤਾ : ਜੀ ਪੀ ਓ ਬਾਕਸ 4242 ਸਿਡਨੀ ਐਨ ਐਸ ਡਬਲਯੂ 2001



ਸਾਨੂੰ ਫੋਨ ਕਰੋ **13 68 42**

**hcfvisitorhealthcover.com** ਤੇ ਜਾਓ

ਸਾਡੇ **ਦਫਤਰ** ਆਓ